# ਮਿਡ-ਡੇ-ਮੀਲ ਸੋਸਾਇਟੀ,ਪੰਜਾਬ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜ਼ਿਲ,
ਅਜੀਤਗੜ੍ਹ, (ਮੋਹਾਲੀ) ਪੰਜਾਬ E-mail id: mdmpunjab@punjabeducation.gov.in
ਫੋਨ ਨੰ. 0172-2210019

ਵੱਲੋ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ),
ਸਮੂਹ ਸਕੂਲ ਮੁੱਖੀ, (ਵੈਬ-ਸਾਇਟ ਰਾਹੀਂ)
ਪੰਜਾਬ।

ਮੀਮੋ ਨੰ.ਐਮ.ਡੀ.ਐਮ.ਐਸ./ਜੀ.ਐਮ./2023/115201
ਮਿਤੀ:- 24/04/2023

**ਵਿਸ਼ਾ:** National Deworming Day 26th April 2023 ਨੂੰ ਮਨਾਉਣ ਅਤੇ ਮਿਤੀ 25-04-2023 ਨੂੰ ਸਵੇਰੇ 11:00 ਤੋਂ 11:40 AM ਵਜੇਂ ਇਸ ਸਬੰਧੀ ਲੈਕਚਰ ਅਟੈਂਡ ਕਰਨ ਹਿੱਤ।

ਉਪਰੋਕਤ ਵਿਸ਼ੇ ਸਬੰਧੀ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਪੰਜਾਬ ਵੱਲੋਂ ਆਪਣੇ ਪੱਤਰ ਨੰ. ਆਰ.ਕੇ.ਐਸ.ਕੇ/ਪੰਜਾਬ/2023/652 ਮਿਤੀ 24-04-2023 ਦੇ ਹਵਾਲੇ ਵਿੱਚ।

1. ਮਿਤੀ 26-04-2023 ਨੂੰ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲ ਦੇ ਵਿਦਿਆਰਥੀਆਂ ਨੂੰ ਪੇਟ ਦੇ ਕੀੜੇ ਮਾਰਨ ਲਈ ਐਲਬੈਂਡਜੋਲ ਦੀ ਗੋਲੀਆਂ ਦਿੱਤੀਆਂ ਜਾਣੀਆਂ ਹਨ।

2. ਜਿਹੜੇ ਵਿਦਿਆਰਥੀ ਮਿਤੀ 26-04-2023 ਵਾਲੇ ਦਿਨ ਐਲਬੈਂਡਾਜੋਲ ਦੀ ਗੋਲੀ ਖਾਣ ਤੋਂ ਰਹਿ ਗਏ ਹੋਣ ਉਨ੍ਹਾਂ ਨੂੰ ਮਿਤੀ 05-05-2023 ਨੂੰ ਸਬੰਧਤ ਗੋਲੀ ਦਾ ਲਾਭ ਦਿਵਾਉਣਾ ਯਕੀਨੀ ਬਣਾਇਆ ਜਾਵੇ।

3. ਸਾਰੇ ਵਿਦਿਆਰਥੀਆਂ ਨੂੰ ਸਬੰਧਤ ਸਕੂਲ ਦੇ ਨੋਡਲ ਟੀਚਰ ਦੁਆਰਾ ਐਲਬੈਂਡਾਜੋਲ ਦੀ ਗੋਲੀ ਦਿੱਤੀ ਜਾਵੇਗੀ।

4. ਵਿਦਿਆਰਥੀਆਂ ਨੂੰ ਦਿੱਤੀ ਗਈ ਐਲਬੈਂਡਾਜੋਲ ਦੀ ਗੋਲੀ ਸਬੰਧੀ ਡਾਟਾ E-Punjab School Login ਮਿਡ ਡੇ ਮੀਲ ਐਪ **ਅਤੇ** TRG Site ਤੇ ਅਪਲੋਡ ਕਰਵਾਉਣਾ ਯਕੀਨੀ ਬਣਾਇਆ ਜਾਵੇ।

5. ਮਿਤੀ 26-04-2023 ਨੂੰ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਦਿੱਤੀ ਗਈ ਐਲਬੈਂਡਜੋਲ ਦੀ ਗੋਲੀਆਂ ਸਬੰਧੀ,



Scanned with OKEN Scanner

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਪ੍ਰੋਫਾਰਮੇ ਅਨੁਸਾਰ ਮੰਗੀ ਗਈ ਸੂਚਨਾ ਉਨ੍ਹਾਂ ਦੇ ਵਿਭਾਗ ਵੱਲੋਂ ਹੀ ਇੱਕਠੀ ਕੀਤੀ ਜਾਂਦੀ ਹੈ, ਜੋ ਕੋਈ ਵੀ ਅਧਿਆਪਕ ਸਕੂਲ ਸਮੇਂ ਦੌਰਾਨ ਸਕੂਲ ਛੱਡ ਕੇ ਨਾ ਜਾਵੇ।

6. <u>ਮਿਤੀ 25-04-2023 ਨੂੰ ਸਵੇਰੇ 11:00 ਤੋਂ 11:40 AM ਵਜੇ ਤੱਕ ਸੈਲਥ ਵਿਭਾਗ ਵੱਲੋਂ ਪੇਟ ਦੇ ਕੀੜਿਆਂ ਤੋਂ ਮੁਕਤੀ ਲਈ ਐਲਬੈਂਡਾਜੋਲ ਦੀ ਗੋਲੀ ਲੈਣ ਦਾ ਤਰੀਕਾ, ਗੋਲੀ ਖਾਣ ਦੇ ਫਾਇਦੇ, ਸਾਫ-ਸਫਾਈ ਦੀ ਆਦਤਾਂ ਨੂੰ ਅਪਣਾਉਣ ਦੇ ਸਿਹਤ ਲਈ ਲਾਭ ਬਾਰੇ ਸਕੂਲੀ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਜਾਗਰੂਕ ਕਰਵਾਉਣ ਹਿੱਤ Edusat ਤੋਂ ਲੈਕਚਰ ਦਿੱਤਾ ਜਾਵੇਗਾ।</u>

7. ਜਿਨ੍ਹਾਂ ਸਕੂਲਾਂ ਵਿੱਚ Edusat Lab ਰਾਹੀਂ ਇਹ ਲੈਕਚਰ ਕਰਵਾਇਆ ਜਾਣਾ ਹੈ, ਉਨ੍ਹਾਂ ਨੂੰ ਹਦਾਇਤ ਕੀਤੀ ਜਾਂਦੀ ਹੈ ROT ਚਾਲੂ ਹਾਲਤ ਵਿੱਚ ਹੋਣ।

ਨੋਟ:- <u>ਇਸ ਗੱਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ, ਕਿ ਵਿਦਿਆਰਥੀਆਂ ਨੂੰ ਖਾਣਾ ਖਵਾਉਣ ਤੋਂ ਬਆਦ ਹੀ ਇਹ ਗੋਲੀ ਦਿੱਤੀ ਜਾਵੇ।</u>

(signature)

ਜਨਰਲ ਮੈਨੇਜਰ

ਦਫਤਰ ਜਿ. ਸਿ. ਅ. (ਸੈ. ਸਿ.) ਬਠਿੰਡਾ

ਪੱਤਰ ਨੰ. 2023115429 ਮਿਤੀ 24/4/2023

ਉਪਰ ਦਾ ਉਤਾਰਾ ਸਮੂਹ ਬੀ.ਪੀ.ਈ.ਓ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(signature) 24/4/23

ਕ੍ਰਿਤੇ ਜਿ. ਸਿ. ਅ. (ਸੈ. ਸਿ.) ਬਠਿੰਡਾ।



Scanned with OKEN Scanner

ਸਿਵਲ ਸਰਜਨ ਬਠਿੰਡਾ ।

ਵੱਲ -

1. ਜਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ ਅਤੇ ਸੈਕੰਡਰੀ), ਬਠਿੰਡਾ ।
2. ਜਿਲ੍ਹਾ ਪ੍ਰੋਗਰਾਮ ਅਫਸਰ ਆਈ ਸੀ ਡੀ ਐਸ ਬਠਿੰਡਾ ।

ਨੰ. [illegible] ਮਿਤੀ [illegible]

ਵਿਸ਼ਾ :- ਨੈਸ਼ਨਲ ਡੀ ਵਰਮਿੰਗ ਦਿਵਸ ਮਿਤੀ 28/04/2023 ਅਤੇ ਮੋਪਅੱਪ ਦਿਵਸ ਮਿਤੀ 05/05/2023 ਆਯੋਜਿਤ ਕਰਨ ਸਬੰਧੀ ।

ਉਪਰੋਕਤ ਵਿਸ਼ੇ ਅਧੀਨ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ 28/04/2023 ਨੂੰ ਨੈਸ਼ਨਲ ਡੀ ਵਰਮਿੰਗ ਦਿਵਸ ਅਤੇ 05/05/2023 ਨੂੰ ਮੋਪਅੱਪ ਦਿਵਸ ਆਯੋਜਿਤ ਕੀਤਾ ਜਾ ਰਿਹਾ ਹੈ ।

ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਦਿਵਸ ਨੂੰ ਸਫਲ ਬਣਾਉਣ ਅਤੇ ਕੋਈ ਵੀ ਬੱਚਾ ਗੋਲੀ ਖਾਣ ਤੋਂ ਵਾਂਝਾ ਨਾ ਰਹੇ ਇਸ ਲਈ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ :-

1. ਇਹ ਗੋਲੀ 1 ਤੋਂ 19 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਦਿੱਤੀ ਜਾਵੇ ।
2. 1 ਤੋਂ 2 ਸਾਲ ਤੱਕ ਦੇ ਬੱਚਿਆਂ ਨੂੰ ਅੱਧੀ ਗੋਲੀ ਦਾ ਪਾਊਡਰ ਬਣਾ ਕੇ ਅਤੇ 2 ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਪੂਰੀ ਗੋਲੀ ਦਿੱਤੀ ਜਾਵੇ ।
3. ਅਧਿਆਪਕ ਅਤੇ ਆਂਗਣਵਾੜੀ ਵਰਕਰ ਬੱਚਿਆਂ ਨੂੰ ਗੋਲੀ ਆਪਣੀ ਨਿਗਰਾਨੀ ਅਧੀਨ ਹੀ ਦੇਣਗੇ ।
4. ਬੱਚਿਆਂ ਨੂੰ ਗੋਲੀ ਘਰ ਲੈਕੇ ਜਾਣ ਲਈ ਨਾ ਦਿੱਤੀ ਜਾਵੇ ।
5. ਇਹ ਗੋਲੀ ਦੁਪਹਿਰ ਦੇ ਖਾਣੇ ਤੋਂ ਅੱਧੇ ਘੰਟੇ ਬਾਅਦ ਦਿੱਤੀ ਜਾਵੇ । ਇਹ ਯਕੀਨੀ ਬਣਾਇਆ ਜਾਵੇ ਕਿ ਬੱਚਿਆਂ ਨੂੰ ਖਾਲੀ ਪੇਟ ਇਹ ਗੋਲੀ ਨਾ ਦਿੱਤੀ ਜਾਵੇ ।
6. ਇਹ ਯਕੀਨੀ ਬਣਾਇਆ ਜਾਵੇ ਕਿ ਬੱਚੇ ਗੋਲੀ ਚਬਾਕੇ ਖਾਣ । ਗੋਲੀ ਦਾ ਸੁਆਦ ਮਿੱਠਾ ਹੈ ।
7. ਇਹ ਗੋਲੀਆਂ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੀਆਂ ਜਾਣ ਤਾਂ ਜੋ ਬੱਚੇ ਇਕ ਤੋਂ ਜਿਆਦਾ ਗੋਲੀਆਂ ਨਾ ਖਾ ਸਕਣ ।
8. ਜੇਕਰ ਬੱਚਾ ਪਿਛਲੇ ਕਈ ਦਿਨਾਂ ਤੋਂ ਬਿਮਾਰ ਹੈ ਤਾਂ ਉਸ ਨੂੰ ਇਹ ਗੋਲੀ ਨਾ ਦਿੱਤੀ ਜਾਵੇ ।
9. ਬੱਚੇ ਨੂੰ ਗੋਲੀ ਦੇਣ ਤੋਂ ਬਾਅਦ 2 ਘੰਟਿਆਂ ਤੱਕ ਸਕੂਲ/ਆਂਗਣਵਾੜੀ ਕੇਂਦਰ ਤੇ ਹਾਜ਼ਰ ਰੱਖਿਆ ਜਾਵੇ।
10. ਸਾਰੇ ਸਕੂਲ ਮੁਖੀਆਂ ਅਤੇ ਆਂਗਣਵਾੜੀ ਵਰਕਰਾਂ ਕੋਲ ਉਹਨਾਂ ਦੇ ਏਰੀਏ ਦੀ ਆਸ਼ਾ/ਏ.ਐਨ.ਐਮ/ਸੁਪਰਵਾਈਜ਼ਰ ਮੈਡੀਕਲ ਅਫਸਰ/ਮੋਬਾਇਲ ਹੈਲਥ ਟੀਮ ਆਰ.ਬੀ.ਐਸ.ਕੇ ਅਤੇ ਸਬੰਧਤ ਸੀਨੀਅਰ ਮੈਡੀਕਲ ਅਫਸਰ ਦਾ ਫੋਨ ਅਤੇ ਮੋਬਾਇਲ ਨੰਬਰ ਜ਼ਰੂਰ ਹੋਵੇ ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਨੂੰ ਕੰਟਰੋਲ ਕਰਨ ਲਈ ਸਮੇਂ ਸਿਰ ਰਾਬਤਾ ਕੀਤਾ ਜਾ ਸਕੇ ।
11. ਜਿਹਨਾਂ ਬੱਚਿਆਂ ਵਿਚ ਜਿਆਦਾ ਪੇਟ ਦੇ ਕੀੜੇ ਹੁੰਦੇ ਹਨ, ਗੋਲੀ ਦੇਣ ਤੋਂ ਬਾਅਦ ਉਹਨਾਂ ਬੱਚਿਆਂ ਨੂੰ ਜੀ ਕੱਚਾ ਹੋਣਾ (Nausea), ਹਲਕਾ ਪੇਟ ਦਰਦ, ਇੱਕ-ਦੋ ਉਲਟੀਆਂ ਆਉਣਾ ਅਤੇ ਥਕਾਵਟ (Fatigue) ਹੋ ਸਕਦੀ ਹੈ । ਘਬਰਾਉ ਨਾ ਸਬੰਧਤ ਆਸ਼ਾ/ਏ.ਐਨ.ਐਮ ਨਾਲ ਤਾਲਮੇਲ ਕਰੋ ।
12. ਜੇਕਰ ਜ਼ਰੂਰਤ ਪਵੇ ਤਾਂ 108 ਤੇ ਫੋਨ ਕਰਕੇ ਐਂਬੂਲੈਂਸ ਦੀ ਸਹਾਇਤਾ ਨਾਲ ਬੱਚੇ ਨੂੰ ਨੇੜੇ ਦੀ ਸਿਹਤ ਸੰਸਥਾ ਵਿਖੇ ਲੈ ਕੇ ਜਾਓ।
13. ਇਸ ਪੱਤਰ ਨਾਲ ਆਪ ਨੂੰ ਅਧਿਆਪਕਾਂ ਅਤੇ ਆਂਗਣਵਾੜੀ ਵਰਕਰਾਂ ਦੀ ਜਾਣਕਾਰੀ ਲਈ ਹੈਂਡਆਊਟ ਦੀ ਸਾਫਟ ਕਾਪੀ ਭੇਜੀ ਜਾ ਰਹੀ ਹੈ। ਇਸ ਨੂੰ ਸਕੂਲਾਂ ਅਤੇ ਆਂਗਣਵਾੜੀ ਸੈਂਟਰਾਂ ਨਾਲ ਵਟਸਐਪ ਗਰੁੱਪਾਂ ਅਤੇ ਈ-ਮੇਲ ਰਾਹੀਂ ਸਾਂਝਾ ਕੀਤਾ ਜਾਵੇ ।

ਨੋਟ :- ਜੇਕਰ ਕਿਸੇ ਸਕੂਲ ਜਾਂ ਆਂਗਣਵਾੜੀ ਕੇਂਦਰ ਵਿਚ ਪਿਛਲੇ ਐਨ.ਐਨ.ਡੀ ਰਾਊਂਡ (ਅਗਸਤ -2022) ਦੀ ਦਵਾਈ ਬਚ ਗਈ ਹੈ ਤਾਂ ਉਸ ਦਵਾਈ ਦੀ ਐਕਸਪਾਇਰੀ ਮਿਤੀ ਚੈੱਕ ਕਰਕੇ ਪਹਿਲਾਂ ਉਸ ਦਵਾਈ ਦੀ ਵਰਤੋਂ ਕਰ ਲਈ ਜਾਵੇ।

ਸਿਵਲ ਸਰਜਨ ਬਠਿੰਡਾ ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਬਠਿੰਡਾ

ਪੱਤਰ ਨੰ: MBM/2023/15036 ਮਿਤੀ 24/4/2023

ਉਕਤ ਦਾ ਉਤਾਰਾ ਸਮੂਹ ਡੀ.ਪੀ.ਈ. ਉਕਤ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ,

ਉਪ ਜ਼ਿ. ਸਿ. ਅ. (ਸੈ. ਸਿ.) ਬਠਿੰਡਾ ।

Scanned with OKEN Scanner

Revised

# ਦਫਤਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਠਿੰਡਾ

ਵੱਲ

ਸਮੂਹ ਅਪਰ ਪ੍ਰਾਇਮਰੀ/ ਸੀ ਐਚ ਟੀ/ ਏਡਿਡ ਅਤੇ ਪ੍ਰਾਈਵੇਟ ਸਕੂਲਜ,

ਬਠਿੰਡਾ।

ਪੱਤਰ ਨੰ : 1399 ਮਿਤੀ: 24/4/23

ਵਿਸ਼ਾ:- ਨੈਸ਼ਨਲ ਡੀ ਵਰਮਿੰਗ ਦਿਵਸ ਮਿਤੀ 26.04.23 ਨੂੰ ਮਨਾਉਣ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਨੈਸ਼ਨਲ ਡੀ ਵਰਮਿੰਗ ਦਿਵਸ ਮਿਤੀ 26.04.23 ਨੂੰ ਮਨਾਇਆ ਜਾਣਾ ਹੈ । ਇਸ ਲਈ ਬਲਾਕ ਬਠਿੰਡਾ ਦੇ ਅਧੀਨ ਆਉਂਦੇ ਸਾਰੇ ਅਪਰ ਪ੍ਰਾਇਮਰੀ, ਪ੍ਰਾਇਮਰੀ, ਏਡਿਡ ਅਤੇ ਪ੍ਰਾਈਵੇਟ ਸਕੂਲ ਐਲਬੈਂਡਾਜੋਲ ਦੀਆਂ ਗੋਲੀਆਂ 25.04.23 ਤੱਕ ਹਰ ਹਾਲਤ ਵਿੱਚ ਬਲਾਕ ਦਫਤਰ ਤੋਂ 3:00 ਵਜੇ ਤੱਕ ਪ੍ਰਾਪਤ ਕਰਨ। ਜੇਕਰ ਐਲਬੈਂਡਾਜੋਲ ਦੀਆਂ ਗੋਲੀਆਂ ਕੋਈ ਵੀ ਸਰਕਾਰੀ ਜਾਂ ਪ੍ਰਾਈਵੇਟ ਸਕੂਲ ਨਹੀਂ ਲੈ ਕੇ ਜਾਂਦਾ ਤਾਂ ਸਾਰੀ ਜਿੰਮੇਵਾਰੀ ਸੰਬੰਧਤ ਸਕੂਲ ਮੁਖੀ ਦੀ ਹੋਵੇਗੀ।

/ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,
ਬਠਿੰਡਾ

94639-12469